**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ**
**ਐਸ.ਸੀ.ਓ. ਨੰ 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ**
**ਫੋਨ ਨੰ 0172-5015864, 5015865, ਫੈਕਸ: 0172-2624687 Email ID: perveshssa@gmail.com**

ਮੀਮੋ ਨੰ: ਏ.ਐਸ.ਪੀ.ਡੀ. (ਮੀਡੀਆ)/ਐਸ.ਐਸ.ਏ./2013/000967
ਮਿਤੀ, ਚੰਡੀਗੜ੍ਹ: 17-01-13

ਵੱਲ

**ਸਮੂਹ ਹਾਈ/ਸੀਨੀਅਰ ਸੈਕੰਡਰੀ ਸਕੂਲ ਮੁਖੀ ਸਾਹਿਬਾਨ**
**ਪੰਜਾਬ। (ਵੈਬਸਾਈਟ ਰਾਹੀਂ)**

ਆਪ ਜੀ ਦੀ ਯੋਗ ਅਗਵਾਈ ਅਧੀਨ ਸਕੂਲਾਂ ਦੇ ਬੱਚਿਆਂ ਵੱਲੋਂ ਆਪਣੇ ਸਕੂਲ ਦਾ ਮੈਗਜ਼ੀਨ ਪ੍ਰਕਾਸ਼ਿਤ ਕਰਕੇ ਮਾਂ-ਬੋਲੀ ਪੰਜਾਬੀ ਦੀ ਸੇਵਾ ਲਈ ਅਹਿਮ ਤੇ ਮਿਸਾਲੀ ਕਦਮ ਪੁੱਟ ਲਿਆ ਹੈ।

ਦੁਨੀਆਂ ਭਰ ਦੇ ਭਾਸ਼ਾ ਵਿਗਿਆਨੀ ਇਸ ਤੱਥ ਸਬੰਧੀ ਪੂਰੀ ਤਰ੍ਹਾਂ ਇੱਕਮੱਤ ਹਨ ਕਿ ਜਿੱਥੇ ਵਿਦਿਆਰਥੀਆਂ ਦੀ ਸਖਸ਼ੀਅਤ ਦਾ ਸਰਵਪੱਖੀ ਵਿਕਾਸ ਮੁੱਢਲੇ ਦੌਰ ਅੰਦਰ ਮਾਂ ਬੋਲੀ ਰਾਹੀਂ ਹੀ ਹਰ ਪ੍ਰਕਾਰ ਦੀ ਸਿੱਖਿਆ ਤੇ ਸਿਖਲਾਈ ਹਾਸਲ ਕਰਨ ਨਾਲ ਹੁੰਦਾ ਹੈ ਉੱਥੇ ਇਸ ਨਾਲ ਹੀ ਬੱਚਿਆਂ ਦੀ ਦੂਜੀਆਂ ਭਾਸ਼ਾਵਾਂ ਸਿੱਖਣ ਦੀ ਸਮਰੱਥਾ ਵੀ ਵਧੇਰੇ ਵਿਕਸਤ ਹੁੰਦੀ ਹੈ।

ਸਕੂਲ ਸਿੱਖਿਆ ਵਿਭਾਗ ਵੱਲੋਂ ਉਪਰੋਕਤ ਕਾਰਜ ਨੂੰ ਵਿਉਂਤਵੱਧ ਤਰੀਕੇ ਨਾਲ ਆਰੰਭਣ ਲਈ ਮਿੱਥੀ ਸਮਾਂ-ਸੀਮਾਂ ਅੰਦਰ ਹੀ ਹਜ਼ਾਰਾਂ ਸਕੂਲਾਂ ਦੇ ਬੱਚਿਆਂ ਵੱਲੋਂ ਆਪੋ-ਆਪਣਾ ਸਕੂਲ ਮੈਗਜ਼ੀਨ ਨਵੇਂ ਤੇ ਨਿਵੇਕਲੇ ਢੰਗਾਂ, ਦਰਜਨਾਂ ਪ੍ਰਕਾਰ ਦੇ ਵਿਸ਼ੇ-ਵਸਤੂਆਂ ਅਤੇ ਸਮਾਜਕ ਸਰੋਕਾਰਾਂ ਨੂੰ ਆਪਣੀ ਜ਼ੁਬਾਨ ਦੇ ਕੇ ਸ਼ਿੰਗਾਰਿਆ ਗਿਆ ਹੈ। ਇਹਨਾਂ ਮੈਗਜ਼ੀਨਾਂ ਦੀ ਇੱਕ ਝਲਕ ਹੀ ਇਹ ਹਕੀਕਤ ਉਭਾਰ ਦਿੰਦੀ ਹੈ ਕਿ ਬੱਚਿਆਂ ਅੰਦਰ ਛੁਪੀ ਹੋਈ ਪ੍ਰਤਿਭਾ, ਉਮੰਗਾਂ ਤੇ ਸਮਾਜਕ ਸਰੋਕਾਰਾਂ ਨਾਲ ਲਗਾਓ ਮੌਕਾ ਮਿਲਣ ਤੇ ਕਿਵੇਂ ਫੁੱਟ-ਫੁੱਟ ਕੇ ਸਾਕਾਰ ਹੋਣ ਲਈ ਅੰਗੜਾਈਆਂ ਲੈ ਰਿਹਾ ਹੈ।

ਅੱਜ ਜਦੋਂ ਆਮ ਤੌਰ 'ਤੇ ਸਮਾਜਕ ਜੀਵਨ ਵਿੱਚ ਸਵੈ-ਕੇਂਦਰਿਤ ਹੋਣ ਦੀ ਕਰੁਚੀ ਜ਼ੋਰ ਫੜ੍ਹ ਰਹੀ ਹੈ ਤਾਂ ਸਾਡੇ ਸਮਾਜ ਦੇ ਭਵਿੱਖ ਦੀ ਇਸ ਪੀੜ੍ਹੀ ਵੱਲੋਂ ਸਾਡੀ ਵਿਰਾਸਤ, ਸਭਿਆਚਾਰ, ਉੱਜਲ ਭਵਿੱਖ ਦੇ ਸੁਪਨਿਆਂ ਤੇ ਹੋਰ ਸਮਾਜਕ ਸਰੋਕਾਰਾਂ ਨਾਲ ਜੁੜਨ ਦੇ ਅਜਿਹੇ ਸਾਹਿਤਕ ਉਪਰਾਲਿਆਂ ਅੰਦਰ ਵੱਡੀਆਂ ਹਾਂ-ਪੱਖੀ ਸੰਭਾਵਨਾਵਾਂ ਸਮੋਈਆਂ ਹੋਈਆਂ ਹਨ।

ਸੋ ਤੁਹਾਡੀ ਇਹ ਘਾਲਣਾ ਬੱਚਿਆਂ ਦੇ ਸਰਵਪੱਖੀ ਵਿਕਾਸ ਦੀ ਅਹਿਮ ਮਿਸਾਲ ਹੈ। ਇਹ ਤੁਹਾਡਾ ਨਿਵੇਕਲਾ ਯਤਨ ਆਉਣ ਵਾਲੀਆਂ ਪੀੜ੍ਹੀਆਂ ਅਤੇ ਹੋਰਨਾਂ ਲਈ ਵੀ ਪ੍ਰੇਰਨਾ ਸਰੋਤ ਦੀ ਭੂਮਿਕਾ ਨਿਭਾਏਗਾ।

**ਕੇ.ਐਸ.ਪੰਨੂੰ, ਆਈ.ਏ.ਐਸ.**
**ਸਕੱਤਰ ਕਮ ਡਾਇਰੈਕਟਰ ਜਨਰਲ ਸਕੂਲ ਸਿੱਖਿਆ**

**ਪਿੱਠਅੰਕਣ ਨੰ: ਉਕਤ/**000968 **ਮਿਤੀ:** 17-01-13

ਉਤਾਰਾ: (1) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਪੰਜਾਬ।
(2) ਡੀ.ਐਮ. (ਐਮ.ਆਈ.ਐਸ.) (ਵੈਬਸਾਈਟ ਤੇ ਪਾਉਣ ਲਈ)।

**ਕੇ.ਐਸ.ਪੰਨੂੰ, ਆਈ.ਏ.ਐਸ.**
**ਸਕੱਤਰ ਕਮ ਡਾਇਰੈਕਟਰ ਜਨਰਲ ਸਕੂਲ ਸਿੱਖਿਆ**